**ਗੀਤੋ  ਵੇ ਰਹੋ ਮਰਿਆਦਾ ਵਿਚ**

ਮੈਂ ਹਾਂ ਕੁੜੀ ਪੰਜਾਬ ਦੀ ਗੀਤੋ
ਮਾਝੇ ਅਤੇ ਦੋਆਬ ਦੀ ਗੀਤੋ
ਬੋਤਲ ਨਹੀਂ ਸ਼ਰਾਬ ਦੀ ਗੀਤੋ
ਗੀਤੋ ਵੇ ਮੇਨੂੰ ਭੰਡੋ ਨਾਂ
ਮੇਨੂੰ  ਛਜ  ਚ ਪਾ ਕੇ  ਚੰਡੋ  ਨਾਂ
ਮੈਂ ਧੀ ਹਾਂ ਪੰਜ ਦਰਿਆਵਾਂ ਦੀ
ਮੈਂ ਧੀ ਪੰਜਾਬੀ ਮਾਂਵਾਂ ਦੀ
ਮੇਨੂੰ ਮੰਦਾ ਕਹਿਣਾ ਵਰਜਿਤ ਹੈ
ਇਹ ਹੁਕਮ ਹੈ ਬਾਬੇ ਨਾਨਕ ਦਾ
ਮੇਰੀ ਕੁਖੋਂ ਰਾਜੇ ਜੰਮੇ ਨੇ
ਇਹ ਕਹਿਣਾ ਬਾਬੇ ਨਾਨਕ ਦਾ
ਜਿਹਨਾਂ ਨੇ ਥੋਨੂੰ ਰਚਿਆ ਹੈ
ਪਰ ਨੰਗੁ  ਪੰਗੁ ਕਰ ਦਿੱਤਾ
ਨਾਲ ਤੁਹਾਡੇ ਮੇਨੂੰ ਵੀ
ਜਿਹਨਾਂ ਨੇ ਨੰਗਾ ਕਰ ਦਿਤਾ
ਕੀ ਆਖਾਂ ਲਾਲਚੀ ਵੀਰਾ ਨੂੰ
ਜੋ ਪੇਸੇ ਉਤੇ ਮਾਰਦੇ ਨੇ
ਗੀਤਾਂ ਵਿਚ ਆਪਣੀਆਂ ਭੇਣਾਂ ਨੂੰ
ਆਪੇ ਹੀ ਨੰਗਾ ਕਰਦੇ ਨੇ
ਓਹ ਗਲ ਕਿਸੇ ਦੀ ਨਹੀਂ ਸੁਣਦੇ
ਖੁਦ ਨੂੰ ਵੀ ਨੰਗਾ ਕਰਦੇ ਨੇ
ਇਹਨਾਂ ਨੂੰ ਸਬਕ ਸਿਖਾ ਦੇਵੋ
ਤੁਸੀਂ ਇਨਾ ਕੁ ਪ੍ਰਬੰਧ ਕਰੋ
ਤੁਸੀਂ   ਗੁੰਗੇ  ਬੇਹਰੇ ਹੋ ਜਾਵੋ
ਕੇਸਟ ਵਿਚ ਵਜਨਾਂ ਬੰਦ ਕਰੋ

ਤੁਸੀਂ ਕਹਿ ਦਿਓ ਆਪਣੇ ਆਕਾ ਨੂੰ
ਨਾਂ ਥੋੜਾ ਇਸਤੇਮਾਲ ਕਰੇ
ਨਾਂ ਕਦੇ ਵੀ ਮੇਰਾ ਵਰਣਨ ਉਹ
ਲਚਰ ਜਿਹੇ ਸ਼ਬਦਾਂ ਨਾਲ ਕਰੇ
ਜੇ ਸਦੀਆਂ ਤੀਕਰ ਜੀਣਾ ਹੈ

ਗੀਤੋ ਵੇ ਤੁਸੀਂ ਗੰਦੇ ਹੋ ਗਏ
ਰੰਗਲੇ ਤੋਂ ਬਦ੍ਰੰਗੇ ਹੋ ਗਏ
ਹੁਣ ਤਾਂ ਤੁਸੀਂ ਵੀ ਧੰਦੇ ਹੋ ਗਏ
ਚੰਗੇ ਤੋਂ ਹੁਣ ਮੰਦੇ ਹੋ ਗਏ

ਵਿਚ ਫੈਮਲੀ ਵਜ ਨਹੀਂ ਸਕਦੇ
ਵਿਚ ਦੀਵਾਨਾਂ ਸਜ ਨਹੀਂ ਸਕਦੇ
ਕੁੜੀਆਂ ਚਿੜੀਆਂ ਗਾ ਨਾਂ ਸਕਣ
ਮਾਪਿਆਂ ਨੂੰ ਸੁਣਾ ਨਾਂ ਸਕਣ
ਵੀਰਾਂ ਨੂੰ ਪੜ੍ਹਾ ਨਾਂ ਸਕਣ
ਵਿਚ ਸਕੂਲੇ ਗਾ ਨਾਂ ਸਕਣ

ਹੋਠਾਂ ਉੱਤੇ ਸਿਗਰਟ ਲਾਣਾ
ਜਾਂ ਫਿਰ ਕੋਈ ਗੀਤ ਸੁਣਾਨਾਂ
ਦੋਹਾਂ ਦੇ ਵਿਚ ਫਰਕ ਨਾਂ ਕਈ
ਦੋਹਾਂ ਦੇ ਵਿਚ ਬੇਹਯਾਈ
ਬੇਸ਼ਕ ਤੁਸੀਂ ਨਹੀਂ ਸੈਂਸਰ ਹੋਏ
ਵਿਰਸੇ ਦੇ ਲਈ ਕੈਂਸਰ ਹੋਏ
ਗੀਤਕਾਰ ਜਾਂ ਦਾਗੀ ਹੋ ਗਏ
ਜਾਂ ਫਿਰ ਖੁਦ ਸ਼ਰਾਬੀ ਹੋ ਗਏ

ਵਿਰਸੇ ਨੂੰ ਅਗ ਲਈ ਜਾਂਦੇ

ਲਚਰ ਗੀਤ ਬਣਾਈ ਜਾਂਦੇ

ਪੇਸੇ ਖ਼ੂਬ ਕਮਾਈ ਜਾਂਦੇ

ਬੇਸ਼ਕ ਦੂਜੇ ਵਿਸ਼ੇਆਂ ਉਤੇ

ਪਦਮ ਸ਼ਿਰੀ ਲੋਟਾਈ  ਜਾਂਦੇ